# ਨੌਜਵਾਨਾਂ ਲਈ ਕੋਵਿਡ-19 ਵੈਕਸੀਨ

## ਨੌਜਵਾਨਾਂ ਦੀ ਸੇਵਾ ਕਰਨ ਵਾਲੀਆਂ ਭਾਈਚਾਰਾ-ਆਧਾਰਿਤ ਸੰਸਥਾਵਾਂ ਲਈ ਸਹਿਮਤੀ ਨੂੰ ਸਮਝਣਾ

Vaccinate WA
CovidVaccineWA.org

ਕੋਵਿਡ-19 ਵੈਕਸੀਨ ਹੁਣ ਤੋਂ ਸਾਲ ਦੀ ਉਮਰ ਦੇ ਨੌਜਵਾਨਾਂ ਲਈ ਉਪਲਬਧ ਹਨ। ਹਾਲਾਂਕਿ ਵਾਸ਼ਿੰਗਟਨ ਸਟੇਟ ਦੇ ਕਾਨੂੰਨ ਦੇ ਤਹਿਤ ਕਈ ਕਿਸਮਾਂ ਦੀ ਸਹਿਮਤੀ ਕਾਨੂੰਨੀ ਹੈ, ਬਹੁਤ ਸਾਰੇ ਵੈਕਸੀਨ ਪ੍ਰਦਾਤਾਵਾਂ ਨੂੰ ਨੌਜਵਾਨਾਂ ਨੂੰ ਟੀਕੇ ਦੇਣ ਲਈ ਮਾਤਾ-ਪਿਤਾ/ਸਰਪ੍ਰਸਤ ਦੀ ਸਹਿਮਤੀ ਦੀ ਲੋੜ ਹੁੰਦੀ ਹੈ। ਇਹ ਰਾਜ ਦੇ ਕਾਨੂੰਨ ਤੇ ਤਹਿਤ ਮਨਜ਼ੂਰਸ਼ੁਦਾ ਸਹਿਮਤੀ ਦੀਆਂ ਕਿਸਮਾਂ ਦਾ ਦਸਤਾਵੇਜ਼ਾਂ ਹੈ, ਅਤੇ ਤੁਹਾਡੀ ਸੰਸਥਾ ਨੌਜਵਾਨਾਂ (ਖਾਸ ਤੌਰ 'ਤੇ ਗੈਰ-ਹਾਜ਼ਰ ਨੌਜਵਾਨਾਂ) ਨੂੰ ਕੋਵਿਡ-19 ਦਾ ਟੀਕਾ ਲਗਵਾਉਣ ਵਿੱਚ ਕਿਵੇਂ ਮਦਦ ਕਰ ਸਕਦੀ ਹੈ।

### ਬਾਲਗ ਜੋ ਨੌਜਵਾਨ ਲਈ ਸਹਿਮਤੀ ਦੇ ਸਕਦੇ ਹਨ:



- ਮਾਤਾ-ਪਿਤਾ
- ਸਰਪ੍ਰਸਤ ਜਾਂ ਕਾਨੂੰਨੀ ਨਿਗਰਾਨ
- ਇੱਕ ਪਾਲਕ ਮਾਤਾ-ਪਿਤਾ ਜਾਂ ਅਦਾਲਤ ਵੱਲੋਂ ਅਧਿਕਾਰਤ ਹੋਰ ਵਿਅਕਤੀ ਜੋ ਘਰ ਤੋਂ ਬਾਹਰ ਪਲੇਸਮੇਂਟ ਵਿੱਚ ਬੱਚੇ ਦੀ ਡਾਕਟਰੀ ਦੇਖਭਾਲ ਲਈ ਸਹਿਮਤੀ ਦਿੰਦਾ ਹੈ (ਅਧਿਆਏ 13.32A ਜਾਂ 13.34 Revised Code of Washington (RCW, ਵਾਸ਼ਿੰਗਟਨ ਦਾ ਸੋਧਿਆ ਕੋਡ))
- ਇੱਕ ਵਿਅਕਤੀ ਜਿਸ ਨੂੰ ਉਹਨਾਂ ਲਈ ਸਿਹਤ ਦੇਖ-ਰੇਖ ਦੇ ਫੈਸਲੇ ਲੈਣ ਲਈ ਦਸਤਖਤ ਕਰਕੇ ਅਧਿਕਾਰ ਦਿੱਤੇ ਗਏ ਹਨ
- ਉਨ੍ਹਾਂ ਦੀ ਸਿਹਤ ਸੰਭਾਲ ਲਈ ਜ਼ਿੰਮੇਵਾਰ ਰਿਸ਼ਤੇਦਾਰ
- ਇੱਕ ਸਕੂਲ ਨਰਸ, ਸਲਾਹਕਾਰ, ਜਾਂ ਬੇਘਰ ਸੰਪਰਕ (ਫੈਡਰਲ McKinney-Vento Homeless Education Act ਦੇ ਤਹਿਤ ਬੇਘਰ ਵਜੋਂ ਪਰਿਭਾਸ਼ਿਤ ਕੀਤੇ ਗਏ ਨੌਜਵਾਨਾਂ ਲਈ)*

### ਨੌਜਵਾਨ ਆਪਣੇ ਲਈ ਸਹਿਮਤੀ ਦੇ ਸਕਦੇ ਹਨ ਜੇਕਰ:



- **ਉਹ ਕਾਨੂੰਨੀ ਤੌਰ 'ਤੇ ਮੁਕਤ ਹਨ।** ਉਹ 16 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਹਨ ਅਤੇ ਉਹਨਾਂ ਨੇ ਦਾਇਰ ਕੀਤੀ ਹੈ ਅਤੇ ਉਹਨਾਂ ਨੂੰ ਉਨ੍ਹਾਂ ਦੇ ਮਾਤਾ-ਪਿਤਾ ਤੋਂ ਮੁਕਤੀ ਦਿੱਤੀ ਗਈ ਹੈ।
- **ਉਨ੍ਹਾਂ ਦਾ ਵਿਆਹ ਕਿਸੇ ਮੁਕਤ ਨਾਬਾਲਗ ਜਾਂ ਬਾਲਗ ਨਾਲ ਹੋਇਆ ਹੈ।**
- **ਇੱਕ ਪ੍ਰਦਾਤਾ ਨਿਰਧਾਰਿਤ ਕਰਦਾ ਹੈ ਕਿ ਉਹ** Mature Minor Doctrine (ਪਰਿਪੱਕ ਨਾਬਾਲਗ ਸਿਧਾਂਤ)ਦੇ ਅਧੀਨ ਇੱਕ ਪਰਿਪੱਕ ਨਾਬਾਲਗ ਹਨ।**

### *McKinney-Vento ਦੀ ਵਰਤੋਂ ਕਰਦੇ ਹੋਏ ਸਹਿਮਤੀ ਬਾਰੇ ਵਧੇਰੀ ਜਾਣਕਾਰੀ:

ਰਾਜ ਦੇ ਕਾਨੂੰਨ ਦੇ ਤਹਿਤ, ਸਕੂਲ ਨਰਸਾਂ, ਸਕੂਲ ਸਲਾਹਕਾਰ, ਅਤੇ ਬੇਘਰ ਵਿਦਿਆਰਥੀ ਸੰਪਰਕ ਇੱਕ ਬੇਘਰ ਲਈ ਟੀਕਾਕਰਨ ਲਈ ਸਹਿਮਤੀ ਪ੍ਰਦਾਨ ਕਰਨ ਲਈ ਅਧਿਕਾਰਤ ਹਨ ਨੌਜਵਾਨ ਜਾਂ ਨੌਜਵਾਨ ਬਾਲਗ (ਜਿਵੇਂ ਕਿ ਫੈਡਰਲ McKinney-Vento homeless education act – ਸਿਰਫ਼ ਅੰਗ੍ਰਜ਼ੀ) ਦੇ ਤਹਿਤ ਪਰਿਭਾਸ਼ਿਤ ਕੀਤਾ ਗਿਆ ਹੈ - ਜੋ ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਸਰੀਰਕ ਹਿਰਾਸਤ ਅਧੀਨ ਨਹੀਂ ਹੈ।

**ਸਰੋਤ ਲਿੰਕ:** National Center for Homeless Education, ਬੇਘਰ ਹੋਣ ਦਾ ਅਨੁਭਵ ਕਰਣ ਵਾਲੇ ਬੇਹਿਸਾਬ ਵਿਦਿਆਰਥੀਆਂ ਦੀ ਸਿੱਖਿਆ ਦਾ ਸਮਰਥਨ ਕਰਣਾ, https://nche.ed.gov/wp-content/uploads/2018/10/youth.pdf - ਸਿਰਫ਼ ਅੰਗ੍ਰਜ਼ੀ

### **ਵਧੇਰੀ ਜਾਣਕਾਰੀ Mature Minor Doctrine ਬਾਰੇ:

ਕੁਝ ਪ੍ਰਦਾਤਾ ਨਾਬਾਲਗਾਂ ਨੂੰ "Mature Minor Doctrine" ਦੇ ਤਹਿਤ ਇੱਕ ਵੈਧ ਸਹਿਮਤੀ ਦੇਣ ਦੀ ਇਜਾਜ਼ਤ ਦਿੰਦੇ ਹਨ ਜੇਕਰ ਉਹ ਡਾਕਟਰੀ ਪ੍ਰਕਿਰਿਆ ਦੇ ਨਤੀਜਿਆਂ ਨੂੰ ਸਮਝਣ ਜਾਂ ਉਨ੍ਹਾਂ ਦੀ ਕਦਰ ਕਰਨ ਦੇ ਸਮਰੱਥ ਹਨ।

ਇਹ ਨਿਰਧਾਰਤ ਕਰਨ ਵਿੱਚ ਕਿ ਕੀ ਮਰੀਜ਼ ਇੱਕ ਪਰਿਪੱਕ ਨਾਬਾਲਗ ਹੈ, ਪ੍ਰਦਾਤਾ ਨਾਬਾਲਗ ਦੀ ਉਮਰ, ਬੁੱਧੀ, ਪਰਿਪੱਕਤਾ, ਸਿਖਲਾਈ, ਅਨੁਭਵ, ਆਰਥਿਕ ਸੁਤੰਤਰਤਾ ਜਾਂ ਇਸਦੀ ਘਾਟ, ਇੱਕ ਬਾਲਗ ਵਜੋਂ ਆਮ ਆਚਰਣ ਅਤੇ ਮਾਪਿਆਂ ਦੇ ਨਿਯੰਤਰਣ ਤੋਂ ਆਜ਼ਾਦੀ ਦਾ ਮੁਲਾਂਕਣ ਕਰਨਗੇ।

## ਪ੍ਰਦਾਤਾ ਕੁਝ ਵੱਖ-ਵੱਖ ਤਰੀਕਿਆਂ ਨਾਲ ਸਹਿਮਤੀ ਸਵੀਕਾਰ ਕਰਦੇ ਹਨ।

- ਜ਼ੁਬਾਨੀ ਸਹਿਮਤੀ (ਫੋਨ 'ਤੇ ਜਾਂ ਵਿਅਕਤੀਗਤ ਤੌਰ' ਤੇ)
- ਲਿਖਤੀ ਸਹਿਮਤੀ (ਇੱਕ ਫਾਰਮ)
- ਕੁਝ ਨੂੰ ਲਿਖਤੀ ਅਤੇ ਜ਼ੁਬਾਨੀ ਸਹਿਮਤੀ ਦੀ ਲੋੜ ਹੁੰਦੀ ਹੈ।
- ਉਨ੍ਹਾਂ ਲਈ ਸਹਿਮਤੀ ਪ੍ਰਦਾਨ ਕਰਨ ਵਾਲੇ ਬਾਲਗ ਤੋਂ ਵਿਅਕਤੀਗਤ ਸਹਿਮਤੀ।

### ਨੌਜਵਾਨਾਂ ਦੀ ਟੀਕੇ ਲਗਵਾਉਣ ਵਿੱਚ ਕਿਵੇਂ ਮਦਦ ਕੀਤੀ ਜਾਵੇ

- ☐ **Vaccine Locator (ਵੈਕਸੀਨ ਲੋਕੇਟਰ)(https://vaccinelocator.doh.wa.gov/?language=pa) 'ਤੇ ਫਿਲਟਰਿੰਗ ਵਿਕਲਪਾਂ ਦੀ ਵਰਤੋਂ ਕਰੋ ਜਾਂ ਇਹ ਦੇਖਣ ਲਈ ਪ੍ਰਦਾਤਾ ਨੂੰ ਕਾਲ ਕਰੋ ਕਿ ਪ੍ਰਦਾਤਾ ਕਿਸ ਕਿਸਮ ਦੀ ਸਹਿਮਤੀ ਸਵੀਕਾਰ ਕਰਦਾ ਹੈ।** Vaccine Locator 'ਤੇ ਯੂਥ ਫ੍ਰੈਂਡਲੀ ਫਿਲਟਰਿੰਗ ਵਿਕਲਪ ਤੁਹਾਡੀ ਅਤੇ ਨੌਜਵਾਨਾਂ ਨੂੰ ਅਜਿਹੀ ਜਗ੍ਹਾ ਲੱਭਣ ਵਿੱਚ ਮਦਦ ਕਰਨਗੇ, ਜੋ ਉਸ ਤਰ੍ਹਾਂ ਦੀ ਸਹਿਮਤੀ ਲੈਂਦਾ ਹੈ ਜੋ ਨੌਜਵਾਨ ਪ੍ਰਦਾਨ ਕਰ ਸਕਦੇ ਹਨ। ਮੁਲਾਕਾਤ ਦੀ ਤਿਆਰੀ ਦੇ ਬਾਰੇ ਵਿੱਚ ਸੁਝਾਵਾਂ ਲਈ ਹੇਠਾਂ "ਨੌਜਵਾਨਾਂ ਨੂੰ ਉਸ ਕਿਸਮ ਦੀ ਸਹਿਮਤੀ ਲਈ ਤਿਆਰ ਕਰਨ ਵਿੱਚ ਮਦਦ ਕਰੋ ਜਿਸ ਦੀ ਉਨ੍ਹਾਂ ਨੂੰ ਪ੍ਰਦਾਨ ਕਰਨ ਦੀ ਲੋੜ ਹੈ" ਨੂੰ ਵੇਖੋ।
- ☐ **ਵੈਕਸੀਨ ਲੱਗਣ ਦੇ ਸਥਾਨ ਦੀ ਖੋਜ ਕਰੋ ਜੋ ਵਾਕ-ਇਨ ਸਵੀਕਾਰ ਕਰਦੇ ਹਨ ਜਾਂ ਮੁਲਾਕਾਤ ਲਈ ਕਾਲ ਕਰਦੇ ਹਨ।** ਬਹੁਤ ਸਾਰੇ ਪ੍ਰਦਾਤਾ ਔਨਲਾਈਨ ਮੁਲਾਕਾਤ ਲਈ ਮਾਤਾ-ਪਿਤਾ ਜਾਂ ਸਰਪ੍ਰਸਤ ਦੀ ਸਹਿਮਤੀ ਮੰਗਦੇ ਹਨ।
- ☐ ਵੈਕਸੀਨ ਮੁਲਾਕਾਤ ਲਈ ਘਰ ਤੋਂ ਮੰਜ਼ਿਲ ਤੱਕ ਲਈ ਆਵਾਜਾਈ ਦੇ ਸਾਧਨ ਦੀ ਪੇਸ਼ਕਸ਼ ਕਰੋ। ਜੇਕਰ ਤੁਸੀਂ ਆਵਾਜਾਈ ਪ੍ਰਦਾਨ ਨਹੀਂ ਕਰ ਸਕਦੇ ਹੋ, ਤਾਂ ਪਤਾ ਕਰੋ ਆਪਣੇ ਸਥਾਨਕ ਸਿਹਤ ਅਧਿਕਾਰ ਖੇਤਰ ਜਾਂ Department of Health (DOH, ਗਾਭਵਗ਼ ਤਿਹਸ਼ਗ਼) ਦੇ ਕੋਵਿਡ-19 ਵੈਕਸੀਨ: ਆਵਾਜਾਈ ਦੇ ਸਾਧਨ ਸਰੋਤ – ਸਿਰਫ਼ ਅੰਗ੍ਰੇਜ਼ੀ। (ਲਿੰਕ: https://www.doh.wa.gov/Portals/1/Documents/1600/coronavirus/820-151-COVID19VaccineTransportationResources.pdf)
- ☐ **ਸਹਿਮਤੀ ਦੇ ਆਲੇ-ਦੁਆਲੇ ਦੇ ਸਕੂਲਾਂ ਨਾਲ ਜੁੜੋ।** ਜੇਕਰ ਤੁਸੀਂ ਜਿਸ ਨੌਜਵਾਨ ਨਾਲ ਕੰਮ ਕਰ ਰਹੇ ਹੋ, ਉਹ McKinney-Vento (ਵਧੇਰੇ ਜਾਣਕਾਰੀ ਲਈ ਅੱਗੇ ਦੇਖੋ) ਦੇ ਮਾਪਦੰਡਾਂ 'ਤੇ ਖਰਾ ਉਤਰਦਾ ਹੈ, ਤਾਂ ਤੁਸੀਂ ਸਹਿਮਤੀ ਦੇਣ ਲਈ ਸਕੂਲ ਨਰਸ, ਸਕੂਲ ਦੇ ਸਲਾਹਕਾਰ, ਜਾਂ ਬੇਘਰ ਵਿਦਿਆਰਥੀ ਸੰਪਰਕ ਨਾਲ ਕੰਮ ਕਰ ਸਕਦੇ ਹੋ। ਕੁਝ ਪ੍ਰਦਾਤਾਵਾਂ ਨੂੰ ਲੋੜ ਹੁੰਦੀ ਹੈ ਕਿ ਟੀਕਾਕਰਣ ਲਈ ਇੱਕ ਬਾਲਗ ਮੌਜੂਦ ਹੋਵੇ। ਇਹ ਫੈਸਲਾ ਕਰਨ ਲਈ ਸਮੇਂ ਤੋਂ ਪਹਿਲਾਂ ਸਕੂਲ ਸਟਾਫ ਨਾਲ ਤਸਦੀਕ ਕਰੋ ਜਾਂ ਗੱਲਬਾਤ ਕਰੋ ਕਿ ਵਿਦਿਆਰਥੀ ਨਾਲ ਉਨ੍ਹਾਂ ਦੀ ਮੁਲਾਕਾਤ ਲਈ ਕੌਣ ਜਾ ਸਕੇਗਾ।
- ☐ ਆਪਣੇ ਖੁਦ ਦੇ ਮੋਬਾਈਲ ਵੈਕਸੀਨ ਇਵੈਂਟ ਦੀ ਮੇਜ਼ਬਾਨੀ ਕਰੋ ਜਾਂ ਨੌਜਵਾਨਾਂ ਨੂੰ ਮੌਜੂਦਾ ਕਲੀਨਿਕ ਵਿੱਚ ਲੈ ਜਾਓ।
  - ☐ ਆਪਣੇ ਖੁਦ ਦੇ ਇਵੈਂਟ ਦੀ ਮੇਜ਼ਬਾਨੀ ਕਰਨ ਬਾਰੇ ਵਧੇਰੇ ਜਾਣਕਾਰੀ ਲਈ, ਵੇਖੋ COVID-19 Vaccine Resource Guide (ਕੋਵਿਡ-19 ਵੈਕਸੀਨ ਸਰੋਤ ਗਾਈਡ) ਭਾਈਚਾਰੇ ਦੀ ਅਗਵਾਈ ਵਾਲੇ ਟੀਕਾਕਰਣ ਦੇ ਯਤਨਾਂ ਦਾ ਸਮਰਥਨ ਕਰਨ ਲਈ ਸਪੈਨਿਸ਼ (PDF) (ਅੰਗ੍ਰੇਜ਼ੀ ਲਿੰਕ: https://www.doh.wa.gov/Portals/1/Documents/1600/coronavirus/VACCSSupportCommunity-ledVaccinationEfforts.pdf) (ਸਪੈਨਿਸ਼ ਲਿੰਕ: https://VACCSSupportCommunity-ledVaccinationEfforts-Spanish.pdfwww.doh.wa.gov/Portals/1/Documents/1600/coronavirus/)
  - ☐ Care-A-Van ਇਵੈਂਟ ਲਈ ਬੇਨਤੀ ਕਰੋ – ਸਿਰਫ਼ ਅੰਗ੍ਰੇਜ਼ੀ। WA State Department of Health Care-A-Van (doh.wa.gov/CareAVan)ਤੁਹਾਡੇ ਲਈ ਵੈਕਸੀਨ ਲਿਆ ਸਕਦੀ ਹੈ। ਫੰਡਿੰਗ ਯੋਗ ਹੋਸਟਿੰਗ ਭਾਈਚਾਰਕ ਸੰਸਥਾਵਾਂ ਲਈ ਉਪਲਬਧ ਹੈ। Care-A-Van ਪਰਿਪੱਕ ਨਾਬਾਲਗਾਂ ਦੀ ਸਹਿਮਤੀ ਸਮੇਤ ਦਸਤਾਵੇਜ਼ ਦੇ ਮੂਹਰਲੇ ਪਾਸੇ ਦਰਸਾਈ ਗਈ ਹਰੇਕ ਪ੍ਰਕਾਰ ਦੀ ਸਹਿਮਤੀ ਨੂੰ ਸਵੀਕਾਰ ਕਰਦੀ ਹੈ।
- ☐ **ਨੌਜਵਾਨਾਂ ਨੂੰ ਉਸ ਕਿਸਮ ਦੀ ਸਹਿਮਤੀ ਲਈ ਤਿਆਰ ਹੋਣ ਵਿੱਚ ਮਦਦ ਕਰੋ ਜਿਸਦੀ ਉਨ੍ਹਾਂ ਨੂੰ ਪ੍ਰਦਾਨ ਕਰਨ ਦੀ ਲੋੜ ਹੈ:**
  - ☐ ਜੇਕਰ ਕਿਸੇ ਬਾਲਗ ਨੂੰ ਨੌਜਵਾਨ ਦੀ ਮੁਲਾਕਾਤ 'ਤੇ ਹਾਜ਼ਰ ਹੋਣ ਦੀ ਲੋੜ ਹੈ, ਤਾਂ ਉਨ੍ਹਾਂ ਨਾਲ ਗੱਲਬਾਤ ਕਰੋ।
  - ☐ ਜੇਕਰ ਪ੍ਰਦਾਤਾ ਲਿਖਤੀ ਸਹਿਮਤੀ ਸਵੀਕਾਰ ਕਰਦਾ ਹੈ, ਤਾਂ ਫਾਰਮ ਨੂੰ ਪ੍ਰਿੰਟ ਕਰਵਾਉਣ ਅਤੇ ਦਸਤਖਤ ਕਰਵਾਉਣ ਵਿੱਚ ਨੌਜਵਾਨਾਂ ਦੀ ਮਦਦ ਕਰੋ।
  - ☐ ਜੇਕਰ ਉਹ ਮੁਕਤੀ ਪ੍ਰਾਪਤ ਨਾਬਾਲਗ ਜਾਂ ਨਾਬਾਲਗ ਹਨ, ਜਿਨ੍ਹਾਂ ਦਾ ਕਿਸੇ ਮੁਕਤੀ ਪ੍ਰਾਪਤ ਨਾਬਾਲਗ ਜਾਂ ਬਾਲਗ ਨਾਲ ਵਿਆਹ ਹੋਇਆ ਹੈ, ਤਾਂ ਉਚਿਤ ਦਸਤਾਵੇਜ਼ ਇਕੱਠੇ ਕਰਨ ਵਿੱਚ ਉਨ੍ਹਾਂ ਦੀ ਮਦਦ ਕਰੋ।
  - ☐ ਜੇਕਰ ਉਹ McKinney-Vento ਦੀ ਵਰਤੋਂ ਕਰਕੇ ਸਹਿਮਤੀ ਪ੍ਰਾਪਤ ਕਰ ਰਹੇ ਹਨ, ਤਾਂ ਸੂਚਿਤ ਸਹਿਮਤੀ ਕਾਨੂੰਨ ਦੀ ਇੱਕ ਕਾਪੀ ਲਿਆਓ: RCW 7.70.065- ਸਿਰਫ਼ ਅੰਗ੍ਰੇਜ਼ੀ ਅਤੇ ਸਕੂਲਾਂ ਲਈ ਵਿਸ਼ੇਸ਼ ਹਿੱਸੇ ਨੂੰ ਉਜਾਗਰ ਕਰੋ। (ਕਾਨੂੰਨ ਦਾ ਲਿੰਕ: https://app.leg.wa.gov/RCW/default.aspx?cite=7.70.065)
  - ☐ ਜੇਕਰ ਉਹ Mature Minor Doctrine ਦੁਆਰਾ ਸਹਿਮਤੀ ਲੈਣ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਉਨ੍ਹਾਂ ਦੀ ਦਸਤਾਵੇਜ਼ ਅਤੇ ਜਾਣਕਾਰੀ ਤਿਆਰ ਕਰਨ ਵਿੱਚ ਮਦਦ ਕਰੋ ਕਿ ਉਹ ਆਪਣੇ ਮਾਤਾ-ਪਿਤਾ ਤੋਂ ਸੁਤੰਤਰ ਹਨ। ਇਹ ਸਾਰੇ ਪ੍ਰਦਾਤਾਵਾਂ ਲਈ ਲੋੜੀਂਦਾ ਨਹੀਂ ਹੈ, ਪਰ ਮਦਦ ਕਰ ਸਕਦਾ ਹੈ। ਕੁਝ ਪ੍ਰਦਾਤਾ ਆਨਸਾਈਟ ਪਰਿਪੱਕ ਨਾਬਾਲਗ ਨਿਰਧਾਰਨ ਨਹੀਂ ਕਰਦੇ ਹਨ, ਪਰ ਪਿਛਲੇ ਪ੍ਰਦਾਤਾਵਾਂ ਤੋਂ ਪਰਿਪੱਕ ਨਾਬਾਲਗ ਨਿਰਧਾਰਨ ਸਵੀਕਾਰ ਕਰਦੇ ਹਨ।